ਨਿਊਜ਼ ਰਿਲੀਜ਼

# ਐਲਬਰਟਾ ਵਾਸੀਆਂ ਲਈ ਫਿਊਲ ਟੈਕਸ ਰਾਹਤ ਨੂੰ ਵਧਾਉਣਾ

22 ਜੂਨ, 2022

ਐਲਬਰਟਾ ਨਿਵਾਸੀ ਘੱਟੋ-ਘੱਟ ਹੋਰ ਤਿੰਨ ਮਹੀਨਿਆਂ ਲਈ ਗੈਸੋਲੀਨ ਜਾਂ ਡੀਜ਼ਲ ਦੇ ਹਰੇਕ ਲੀਟਰ 'ਤੇ, ਜੋ ਉਹ ਖਰੀਦਦੇ ਹਨ, 13-ਸੈਂਟ ਸੂਬਾਈ ਫਿਊਲ ਟੈਕਸ ਨੂੰ ਬਚਾਉਣਾ ਜਾਰੀ ਰੱਖਣਗੇ।

"ਅਸੀਂ ਲੋੜ ਦੇ ਇਸ  ਸਮੇਂ ਫਿਊਲ ਟੈਕਸ ਰਾਹਤ ਪ੍ਰੋਗਰਾਮ ਰਾਹੀਂ ਅਲਬਰਟਾ ਵਾਸੀਆਂ ਨੂੰ ਪੈਸੇ ਬਚਾਉਣ ਵਿੱਚ ਮਦਦ ਕਰ ਰਹੇ ਹਾਂ। ਜਦੋਂ ਕਿ ਫਿਊਲ ਦੀਆਂ ਕੀਮਤਾਂ ਦੇਸ਼ ਭਰ ਵਿੱਚ ਲਗਾਤਾਰ ਵਧ ਰਹੀਆਂ ਹਨ, ਐਲਬਰਟਾ ਨਿਵਾਸੀ ਅਜੇ ਵੀ ਆਪਣੇ ਸੂਬਾਈ ਗੁਆਂਢੀਆਂ ਨਾਲੋਂ ਕਾਫ਼ੀ ਘੱਟ ਭੁਗਤਾਨ ਕਰਦੇ ਹਨ। ਅਸੀਂ ਇਸ ਮਹੱਤਵਪੂਰਨ ਰਾਹਤ ਉਪਾਅ ਨੂੰ ਸਤੰਬਰ ਦੇ ਅੰਤ ਤੱਕ ਵਧਾ ਕੇ ਖੁਸ਼ੀ ਮਹਿਸੂਸ ਕਰਦੇ ਹਾਂ।"

*ਜੇਸਨ ਕੇਨੀ, ਪ੍ਰੀਮੀਅਰ*

ਫਿਊਲ ਟੈਕਸ ਰਾਹਤ ਪ੍ਰੋਗਰਾਮ ਦੇ ਮੌਜੂਦ ਹੋਣ ਨਾਲ, ਐਲਬਰਟਾ ਨਿਵਾਸੀ ਹਰ ਵਾਰ ਗੈਸ ਭਰਨ 'ਤੇ ਪੈਸੇ ਦੀ ਬੱਚਤ ਕਰਦੇ ਹਨ। ਇਸੇ ਤਰ੍ਹਾਂ ਜੀ ਐਸ ਟੀ ਦੇ ਘਟਣ ਨਾਲ, ਕੁੱਲ ਬਚਤ ਲਗਭਗ $6.80 ਪ੍ਰਤੀ ਟੈਂਕ ਇਕ ਛੋਟੀ ਕਾਰ (50 ਲੀਟਰ) ਲਈ, $7.21 ਇੱਕ ਛੋਟੀ ਐੱਸ ਯੂ ਵੀ (53 ਲੀਟਰ) ਲਈ, $12.65 ਮੱਧ-ਆਕਾਰ ਦੀ ਐੱਸ ਯੂ ਵੀ (93 ਲੀਟਰ) ਲਈ, $18.50 ਇੱਕ ਵੱਡੇ ਪਿਕਅੱਪ ਟਰੱਕ (136 ਲੀਟਰ) ਲਈ ਅਤੇ $ 185.50 ਇੱਕ ਸੈਮੀ-ਟ੍ਰੇਲਰ (1,364 ਲੀਟਰ) ਲਈ ਹੋ ਜਾਂਦੀ ਹੈ।

ਸਰਕਾਰ ਪ੍ਰੋਗਰਾਮ ਦਾ ਤਿਮਾਹੀ ਮੁਲਾਂਕਣ ਕਰਨ ਲਈ ਪ੍ਰਤਿਬਧ ਹੈ ਅਤੇ ਇਸ ਨੂੰ ਪੜਾਵਾਂ ਵਿੱਚ ਕੇਵਲ ਤਾਂ ਹੀ ਮੁੜ ਬਹਾਲ ਕਰਨ ਲਈ ਪ੍ਰਤਿਬਧ ਹੈ, ਜੇ ਵੈਸਟ ਟੈਕਸਾਸ ਇੰਟਰਮੀਡੀਏਟ (ਡਬਲਯੂ ਟੀ ਆਈ) ਕੱਚੇ ਤੇਲ ਦੀ ਔਸਤ ਕੀਮਤ $90 ਪ੍ਰਤੀ ਬੈਰਲ ਤੋਂ ਹੇਠਾਂ ਡਿੱਗਦੀ ਹੈ। 15 ਜੂਨ ਨੂੰ ਖਤਮ ਹੋਏ ਚਾਰ ਹਫਤਿਆਂ ਦੀ ਮਿਆਦ ਲਈ, ਡਬਲਯੂ ਟੀ ਆਈ ਦੀ ਔਸਤ $115.88 ਪ੍ਰਤੀ ਬੈਰਲ ਰਹੀ।

ਸਰਕਾਰ ਸਤੰਬਰ ਵਿੱਚ ਪ੍ਰੋਗਰਾਮ ਦਾ ਮੁੜ ਮੁਲਾਂਕਣ ਕਰੇਗੀ।

ਐਲਬਰਟਾ ਸਰਕਾਰ ਔਟਵਾ ਨੂੰ ਉਪਭੋਗਤਾਵਾਂ ਲਈ ਬਰਾਬਰ ਦੇ ਰਾਹਤ ਉਪਾਵਾਂ 'ਤੇ ਵਿਚਾਰ ਕਰਨ ਲਈ ਯਤਨ ਜਾਰੀ ਰੱਖ ਰਹੀ ਹੈ । ਜੇਕਰ ਕੈਨੇਡਾ ਸਰਕਾਰ ਫੈਡਰਲ ਕਾਰਬਨ ਟੈਕਸ ਅਤੇ ਫੈਡਰਲ ਫਿਊਲ ਟੈਕਸ ਦੋਵਾਂ ਦੀ ਉਗਰਾਹੀ ਨੂੰ ਰੋਕ ਦਿੰਦੀ ਹੈ, ਜਦੋਂ ਕਿ ਡਬਲਯੂ.ਟੀ.ਆਈ. ਤੇਲ ਦੀ ਕੀਮਤ $90 ਪ੍ਰਤੀ ਬੈਰਲ ਤੋਂ ਉਪਰ ਰਹਿੰਦੀ ਹੈ, ਤਾਂ ਡਰਾਈਵਰ ਹਰ 100 ਲੀਟਰ ਗੈਸੋਲੀਨ 'ਤੇ ਲਗਭਗ $22 ਦੀ ਬੱਚਤ ਕਰਨਗੇ।

## ਸਬੰਧਤ ਜਾਣਕਾਰੀ

- ਐਲਬਰਟਾ ਦੀ ਰਿਕਵਰੀ ਪਲੈਨ

## Related news ਸਬੰਧਤ ਖਬਰਾਂ

- ਐਲਬਰਟਾ ਨਿਵਾਸੀਆਂ ਲਈ ਪੰਪਾਂ ਉੱਪਰ ਰਾਹਤ ਮਿਲੀ (1 ਅਪਰੈਲ 2022)

- **ਮੀਡੀਆ ਇਨੁਕਆਰੀਆਂ**

**Justin Brattinga**
780-203-0177
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

**Rob Williams**
780-722-7359
ਐਕਟਿੰਗ ਪ੍ਰੈੱਸ ਸੈਕਰੇਟਰੀ, ਟਰਈਜ਼ਰੀ ਬੋਰਡ ਐਂਡ ਫਾਇਨਾਂਸ

**ALBERTA'S RECOVERY PLAN**

Alberta's Recovery Plan is a plan to breathe new life into Alberta's economy and create new opportunities for every Albertan. It's a plan to build, to diversify, and to create jobs.

Classification: Public